The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 100
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874702, 0226554227
www.redcleaning.co.nz

01 May 2021, Daily, editornztasveer@gmail.com designnztasveer@gmail.com Ph/Fax: 09 390 4644

# ਨੌਰਥਲੈਂਡ ਵੱਲ ਲਗਾਤਾਰ ਵੱਧ ਰਹੇ ਤੂਫਾਨ ਕਾਰਨ 7500 ਘਰਾਂ ਨੂੰ ਖਤਰਾ

ਆਕਲੈਂਡ (ਐਨ. ਜ਼ੈਡ. ਤਸਵੀਰ) : ਨਵੀਂ ਮੈਪਿੰਗ ਨੇ ਹਜਾਰਾਂ ਹੋਰ ਨੌਰਲੈਂਡ ਦੀਆਂ ਵਿਸੇਸਤਾਵਾਂ ਨੂੰ ਭਵਿੱਖ ਦੇ ਹੜ੍ਹਾਂ ਅਤੇ ਾਹ ਦੇ ਜੋਖਮ 'ਤੇ ਪੇਂਟ ਕੀਤਾ ਹੈ, ਜਿਸ ਨਾਲ ਮੰਗਾਹਾਏ ਵਰਗੇ ਭਾਈਚਾਰਿਆਂ ਵਿਚ ਅਲਾਰਮ ਪੈਦਾ ਹੋਇਆ ਹੈ। ਨੌਰਥਲੈਂਡ ਰੀਜਨਲ ਕੌਂਸਲ ਨੇ ਆਪਣੇ ਸਮੁੰਦਰੀ ਕੰੇ ਦੇ ਜੋਖਮ ਦੇ ਨਕਸਿਆਂ ਨੂੰ ਅਪਡੇਟ ਕੀਤਾ ਹੈ, ਜਿਸ ਵਿੱਚ ਸਾਈਟਾਂ ਨੂੰ 50 ਤੋਂ 100 ਸਾਲਾਂ ਦੇ ਸਮੇਂ ਵਿੱਚ ਹੜ੍ਹਾਂ ਅਤੇ ਿਗਣ ਦੇ ਜੋਖਮ ਵਿੱਚ ਦਰਸਾਇਆ ਗਿਆ ਹੈ, ਖਾਸਕਰ ਜੇ ਸਮੁੰਦਰ ਦਾ ਪੱਧਰ ਤੇਜੀ ਨਾਲ ਵੱਧਦਾ ਹੈ।

2017 ਤੋਂ ਜਦੋਂ ਨਕਸੇ ਨੂੰ ਆਖਰੀ ਵਾਰ ਖਿੱਚਿਆ ਗਿਆ ਸੀ, ਤੱਟਵਰਤੀ ਹੜ੍ਹਾਂ ਵਾਲੇ ਖੇਤਰ ਵਿੱਚ 7500 ਸੰਪਤੀਆਂ ਜੋੜੀਆਂ ਗਈਆਂ ਹਨ, ਕੁੱਲ ਸੰਖਿਆ ਨੂੰ 20,000 ਦੇ ਨੇੜੇ ਲਿਆਓ. ਸਮੁੰਦਰੀ ਤੱਟਾਂ ਦੇ ਹਿਣ ਦੇ ਜੋਖਮ 'ਤੇ ਜਾਇਦਾਦਾਂ ਦੀ ਗਿਣਤੀ ਵੀ 500 ਤੋਂ ਵੱਧ ਕੇ 2500 ਹੋ ਗਈ ਹੈ। ਵਾਧੇ ਦਾ ਇਹ ਜਰੂਰੀ ਨਹੀਂ ਕਿ ਹੜ੍ਹਾਂ ਅਤੇ ਾਹਾਂ ਦੀ ਸਥਿਤੀ ਵਿਗੜਦੀ ਜਾ ਰਹੀ ਹੈ, ਸਿਰਫ ਇਸ ਲਈ ਵਧੇਰੇ ਵਿਸਥਾਰਪੂਰਵਕ ਜਾਣਕਾਰੀ ਉਪਲਬਧ ਹੈ, ਕੌਂਸਲ ਜਲਵਾਯੂ ਤਬਦੀਲੀ ਵਰਕਿੰਗ ਪਾਰਟੀ ਦੀ ਚੇਅਰਮੈਨ ਐਮੀ ਮੈਕਡੋਨਲਡ ਨੇ ਕਿਹਾ ਭਵਿੱਖ ਦੇ ਅਨੁਮਾਨਾਂ ਬਾਰੇ ਸਾਡੀ ਸਮਝ ਦਾ ਮਤਲਬ ਇਹ ਹੋਇਆ ਹੈ ਕਿ ਸਾਨੂੰ ਇਸ ਨੂੰ ਹੋਰ ਵਿਗੜਨ ਲਈ ਤਿਆਰੀ ਕਰਨ ਦੀ ਜਰੂਰਤ ਹੈ ...ਪਰ ਇਹ ਭਵਿੱਖ ਦੀ ਯੋਜਨਾਬੰਦੀ ਲਈ ਜਾਣਕਾਰੀ ਦਾ ਅਸਲ ਅਧਾਰ ਹੈ।ਸਮੁੰਦਰੀ ਤੱਟਵਰਤੀ ਖੇਤਰਾਂ ਵਿਚ ਫਲੱਡ ਮੈਪਿੰਗ ਕੀਤੀ ਜਾ ਚੁੱਕੀ ਹੈ, ਜਦੋਂ ਕਿ ਕਟਾਈ ਲਈ ਸਥਾਨਕ ਮੁਲਾਂਕਣ 11 ਨਵੇਂ ਸਮੁੰਦਰੀ ਕੰੇ ਦੇ ਭਾਈਚਾਰਿਆਂ 'ਤੇ ਕੀਤੇ ਗਏ ਹਨ, ਜੋ ਪੂਰੇ ਉੱਤਰੀਲੈਂਡ ਵਿਚ 41 ਹੋ ਗਏ ਹਨ।

ਨਵੀਂ ਸਾਈਟਾਂ ਕੈਪਾਰਾ ਜਲਿ ਵਿਚ ਮੰਗਾਹਾਏ, ਬੇਲੀਜ ਬੀਚ, ਗਲਿੰਕਸ ਗਲੀ, ਅਤੇ ਵਕਾਪਿਰਾਉ, ਵੈਂਗਰੇਈ ਦਾ ਤਾਮਤੇਰਾਉ, ਮੌਰੀਸ ਬੇਅ ਅਤੇ ਵੂਲਲੀਜ ਬੇ, ਅਤੇ ਫਾਰ ਨੌਰਥ ਲੋਂਗ ਬੀਚ (ਰਸਲ), ਪਹੀਆ, ਵਟਵਾਹੀਵੀ ਅਤੇ ਕੈਮਾਮੌ ਹਨ. ਪਰ ਮੰਗਾਵਈ ਵਿੱਚ, ਪ੍ਰਭਾਵਿਤ ਸੜਕਾਂ ਤੇ ਰਹਿਣ ਵਾਲੇ ਵਸਨੀਕ ਮੈਪਿੰਗ ਦੇ ਪਿੱਛੇ ਦੇ ਵਿਗਿਆਨ ਬਾਰੇ ਹੋਰ ਜਾਣਨਾ ਚਾਹੁੰਦੇ ਹਨ, ਅਤੇ ਭਵਿੱਖਬਾਣੀ ਕੀਤੀ ਗਈ ਡੂੰਘਾਈ ਨੂੰ ਰੋਕਣ ਲਈ ਕੀ ਕੀਤਾ ਜਾ ਸਕਦਾ ਹੈ.

ਅਲਾਮਰ ਕ੍ਰੇਸ ਦੇ ਬਹੁਤ ਸਾਰੇ ਹਿੱਸੇ ਦੇ 100 ਸਾਲਾਂ ਵਿੱਚ ਹੜ੍ਹ ਆਉਣ ਦੀ ਉਮੀਦ ਹੈ, ਖਾਸਕਰ ਜਦੋਂ ਤੇਜ ਸਮੁੰਦਰੀ ਪੱਧਰ ਦੇ ਵਾਧੇ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ.

ਅਲਮਾਰ ਕ੍ਰੇਸ ਦੇ ਵਸਨੀਕ ਬਰੂਸ ਅਤੇ ਹੀਥਰ ਰੋਗਨ ਵਧੇਰੇ ਜਾਣਕਾਰੀ ਚਾਹੁੰਦੇ ਹਨ, ਹਾਲਾਂਕਿ ਉਨ੍ਹਾਂ ਦੀ ਜਾਇਦਾਦ - ਮੰਗਾਹਾਏ ਹਾਰਬਰ ਦੀ ਗਲੀ ਦੇ ਪਾਰ - ਹੜ੍ਹਾਂ ਦੇ ਖੇਤਰਾਂ ਵਿਚ ਨਹੀਂ ਹੈ. "ਧਾਰਣਾਵਾਂ ਅਤੇ ਘੇਰੇ ਕੀ ਹਨ ? ...ਕਿਉਂਕਿ ਇਹ ਇੱਕ ਜੰਗਲੀ ਅਨੁਮਾਨ ਹੈ ਜਿੱਥੋਂ ਤੱਕ ਮੈਂ ਦੇਖ ਸਕਦਾ ਹਾਂ," ਬਰੂਸ ਰੋਗਨ ਨੇ ਕਿਹਾ, ਜੋ ਮੰਗਾਵਈ ਨਿਵਾਸੀ ਅਤੇ ਰੇਟ ਅਦਾਕਾਰਾਂ ਐਸੋਸੀਏਸਨ ਦੇ ਚੇਅਰਮੈਨ ਸਨ ਜਦ ਤੱਕ ਕਿ ਇਹ ਦਰਾਂ ਬਾਰੇ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦ ਨੂੰ ਭੰਗ ਨਹੀਂ ਕਰਦਾ।

ਹੀਥਰ ਰੋਗਨ ਨੇ ਕਿਹਾ ਕਿ ਖੇਤਰੀ ਕੌਂਸਲ ਨੂੰ ਇਸ ਗੱਲ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਕਿ ਵਸਨੀਕ ਜਲਵਾਯੂ ਤਬਦੀਲੀ ਨਾਲ ਜੁੜੇ ਸਮੁੰਦਰੀ ਪੱਧਰ ਦੇ ਵਾਧੇ ਨੂੰ ਰੋਕਣ ਲਈ ਕੀ ਕਰ ਸਕਦੇ ਹਨ, ਇਸ ਦੀ ਬਜਾਏ ਇਸ ਨੂੰ ਪੂਰਵ ਸੰਕਲਪ ਵਜੋਂ ਬਾਹਰ ਕੱ .ਣ ਦੀ ਬਜਾਏ।



ਬਰੂਸ ਰੋਗਨ ਨੇ ਕਿਹਾ ਕਿ ਜੋ ਵੀ ਜਾਇਦਾਦ ਜੋਖਮ ਵਾਲੀ ਮੰਨੀ ਜਾਂਦੀ ਹੈ, ਉਹ ਉੱਚ ਬੀਮਾ ਪ੍ਰੀਮੀਅਮਾਂ ਦਾ ਸਾਹਮਣਾ ਕਰ ਸਕਦੀ ਹੈ ਜਾਂ ਬੀਮਾ ਪ੍ਰਾਪਤ ਕਰਨ ਦੇ ਯੋਗ ਨਹੀਂ ਹੋ ਸਕਦੀ, ਆਖਰਕਾਰ ਮੁੱਲ ਨੂੰ ਪ੍ਰਭਾਵਤ ਕਰਦੀ ਹੈ. ਜਾਇਦਾਦਾਂ ਦੇ ਮੁੱਲ 'ਤੇ ਮਹੱਤਵਪੂਰਨ ਪ੍ਰਭਾਵ ਪੈ ਸਕਦਾ ਹੈ, ਇਸ ਸਥਿਤੀ ਵਿੱਚ ਮੈਂ ਕੈਪਾਰਾ ਜਲਿ੍ਹਾ ਪ੍ਰੀਸਦ ਦੀ ਮਹੱਤਵਪੂਰਣ ਉਮੀਦ ਕਰਾਂਗਾ ਸਾਡੀ ਦਰਾਂ ਘੱਟ ਕਰੋ।" ਪਰੰਤੂ ਮੌਜੂਦਾ ਸਮੇਂ ਵਿੱਚ ਹੜ੍ਹਾਂ ਦੇ ਜੋਖਮ ਵਾਲੀਆਂ ਜਾਇਦਾਦਾਂ ਦੇ ਦਰਾਂ ਵਧਦੇ ਜਾ ਰਹੇ ਹਨ, ਕਿਉਂਕਿ ਮੰਗਾਵਈ ਲਈ ਮੰਗ ਵਧੇਰੇ ਹੈ।

ਵਿਨਟਲ ਸੈਂਟ 'ਤੇ ਰੋਨ ਅਤੇ ਸੈਰਲ ਬੱਟੀ ਦੀ ਜਾਇਦਾਦ ਨੂੰ ਹੁਣ ਕਿਨਾਰਿਆਂ ਤੇ ਹੜ੍ਹ ਆਉਣ ਦਾ ਖਤਰਾ ਹੈ, ਅਤੇ ਇਹ ਸਿਰਫ 50 ਸਾਲਾਂ ਦੇ ਅੰਦਰ ਡੁੱਬਣ ਦੀ ਉਮੀਦ ਹੈ. ਪਰ ਜਦੋਂ ਰੋਨ ਬੱਟੀ ਨੇ ਉਸ ਦੇ ਦਰਸਾਈ ਮੁੱਲ ਨੂੰ ਉਸੇ ਅਨੁਸਾਰ ਘਟਾਉਣ ਲਈ ਕਿਹਾ - ਜਿਸ ਨਾਲ ਉਸ ਦੀਆਂ ਦਰਾਂ ਘੱਟ ਹੋਣਗੀਆਂ. ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਮੁੱਲ ਵਧ ਰਹੇ ਹਨ ਕਿਉਂਕਿ ਮੰਗਾਵਈ ਆਕਲੈਂਡ ਦੇ ਨਜਦੀਕ ਇੱਕ ਲੋੜੀਂਦਾ ਸਮੁੰਦਰੀ ਤੱਟ ਹੈ।

## ਗੁਜਰਾਤ ਦੇ ਭਰੂਚ 'ਚ ਅੱਗ ਲੱਗਣ ਨਾਲ ਘੱਟੋ-ਘੱਟ 18 ਕੋਵਿਡ ਮਰੀਜਾਂ ਦੀ ਮੌਤ



ਨਵੀਂ ਦਿੱਲੀ (ਐਨ. ਜ਼ੈਡ. ਤਸਵੀਰ) ਹਸਪਤਾਲ ਵਿੱਚ ਅੱਗ ਲੱਗਣ ਦੀਆਂ ਤਸਵੀਰਾਂ ਦਿਲ ਦਹਿਲਾ ਦੇਣ ਵਾਲੀਆਂ ਹਨ। ਚਾਰ ਮੰਜਲਿਾ ਹਸਪਤਾਲ ਵਿੱਚ ਜਦੋਂ ਅੱਗ ਲੱਗੀ ਤਾਂ 50 ਮਰੀਜ ਮੌਜੂਦ ਸਨ।

ਖਬਰ ਏਜੰਸੀ ਪੀਟੀਆਈ ਮੁਤਾਬਕ ਅੱਗ ਅੱਧੀ ਰਾਤ ਨੂੰ ਕਰੀਬ ਇੱਕ ਵਜੇ ਲੱਗੀ। ਬਾਕੀ ਮਰੀਜਾਂ ਨੂੰ ਸਥਾਨਕ ਲੋਕਾਂ ਅਤੇ ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਦੀ ਮਦਦ ਨਾਲ ਕੱਢਿਆ ਗਿਆ।

ਇੱਕ ਪੁਲਿਸ ਅਧਿਕਾਰੀ ਨੇ ਪੀਟੀਆਈ ਨੂੰ ਕਿਹਾ ਕਿ ਸਵੇਰੇ ਸਾਢੇ ਛੇ ਵਜੇ ਤੱਕ ਮਰਨ ਵਾਲਿਆਂ ਦੀ ਗਿਣਤੀ 18 ਸੀ। ਇਸ ਤੋਂ ਪਹਿਲਾਂ 12 ਲੋਕਾਂ ਦੀ ਮੌਤ ਦੀ ਪੁਸਟੀ ਕੀਤੀ ਗਈ ਸੀ। ਭਰੂਚ ਦੇ ਐਸਪੀ ਰਾਜੇਂਦਰ ਸਿੰਘ ਚੁਡਾਸਾਮਾ ਨੇ ਕਿਹਾ ਕਿ 12 ਮਰੀਜਾਂ ਦੀ ਮੌਤ ਸਾਹ ਘੁਟਣ ਨਾਲ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਸਾਫ ਨਹੀਂ ਹੈ ਕਿ ਬਾਕੀ 6 ਲੋਕਾਂ ਦੀ ਵੀ ਮੌਤ ਹੋਈ ਹੈ ਜਾਂ ਉਨ੍ਹਾਂ ਨੂੰ ਕਿਸੇ ਦੂਜੇ ਹਸਪਤਾਲ ਵਿੱਚ ਸਫਿਟ ਕੀਤਾ ਗਿਆ ਹੈ। ਪੀਐੱਮ ਨਰਿੰਦਰ ਮੋਦੀ ਨੇ ਇਸ ਹਾਦਸੇ ਨੂੰ ਲੈ ਕੇ ਦੁੱਖ ਜਾਹਿਰ ਕੀਤਾ ਤੇ ਪੀੜਤ ਪਰਿਵਾਰਾਂ ਪ੍ਰਤੀ ਹਮਦਰਦੀ ਜਤਾਈ ਹੈ।

## 4 ਮਈ ਤੋਂ ਅਮਰੀਕਾ ਲਈ ਭਾਰਤ ਦਾ ਹਵਾਈ ਸਫਰ ਬੰਦ



ਆਕਲੈਂਡ (ਐਨ. ਜ਼ੈਡ. ਤਸਵੀਰ) : ਕੋਰੋਨਾਵਇਰਸ ਦੇ ਵੱਧਦੇ ਕੇਸਾਂ ਵਿਚਾਲੇ ਭਾਰਤ ਦੇ ਤਾਜਾ ਹਾਲਾਤ ਨੂੰ ਦੇਖਦਿਆਂ ਅਮਰੀਕਾ ਨੇ ਭਾਰਤ ਤੋਂ ਹਵਾਈ ਸਫਰ ਕਰਨ ਵਾਲੇ ਉਨ੍ਹਾਂ ਲੋਕਾਂ ਉੱਤੇ ਪਾਬੰਦੀ ਲਗਾਉਣ ਦਾ ਫੈਸਲਾ ਲਿਆ ਹੈ ਜਿਹੜੇ ਅਮਰੀਕਾ ਵਾਸੀ ਨਹੀਂ ਹਨ। ਅਮਰੀਕੀ ਰਾਸਟਰਪਤੀ ਜੋਅ ਬਾਇਡਨ ਨੇ ਇੱਕ ਨੋਟੀਫਿਕੇਸਨ ਜਾਰੀ ਕਰਦਿਆਂ ਗੈਰ-ਅਮਰੀਕੀ ਨਾਗਰਿਕਾਂ ਦੀ ਅਮਰੀਕਾ ਵਿੱਚ ਐਂਟਰੀ ਉੱਤੇ ਰੋਕ ਲਗਾਈ ਹੈ। ਇਹ ਫੈਸਲਾ ਉਨ੍ਹਾਂ ਉੱਤੇ ਲਾਗੂ ਨਹੀਂ ਹੋਵੇਗਾ ਜਿਹੜੇ ਅਮਰੀਕਾ ਦੇ ਪੱਕੇ ਵਸਨੀਕ ਜਾਂ ਗ੍ਰੀਨ ਕਾਰਡ ਹੋਲਡਰ ਹਨ। ਅਮਰੀਕਾ ਸਰਕਾਰ ਦੇ ਇਸ ਫੈਸਲੇ ਪਿੱਛੇ ਭਾਰਤ ਵਿੱਚ ਲਗਾਤਾਰ ਵੱਧ ਰਹੇ ਕੋਰੋਨਾ ਕੇਸਾਂ ਨੂੰ ਕਾਰਨ ਦੱਸਿਆ ਗਿਆ ਹੈ।

## ਹਾਦਸੇ ਦੌਰਾਨ ਇੱਕ ਵਿਅਕਤੀ ਦੀ ਮੌਤ




ਆਕਲੈਂਡ (ਐਨ. ਜ਼ੈਡ. ਤਸਵੀਰ) : ਇਨਵਰਕਰਗਿਲ ਵਿੱਚ ਦੋ ਵਾਹਨਾਂ ਦੇ ਹਾਦਸੇ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ। ਇਹ ਟੱਕਰ ਵਿੰਡਸਰ ਨੌਰਥ ਸਕੂਲ ਦੇ ਨਜਦੀਕ, ਚੇਲਸਫੋਰਡ ਸੇਂਟ ਵਿੱਚ ਹੋਈ, ਅਤੇ ਐਮਰਜੈਂਸੀ ਚਾਲਕਾਂ ਨੂੰ ਸਵੇਰੇ 10: 20 ਵਜੇ ਘਟਨਾ ਸਥਾਨ ਤੇ ਬੁਲਾਇਆ ਗਿਆ। ਇਕ ਹੋਰ ਵਿਅਕਤੀ ਨੂੰ ਦਰਮਿਆਨੀ ਸੱਟਾਂ ਲੱਗੀਆਂ। ਇਕ ਪੁਲਿਸ ਬੁਲਾਰੇ ਨੇ ਕਿਹਾ ਕਿ ਹਾਦਸੇ ਦੇ ਹਾਲਾਤਾਂ ਦੀ ਜਾਂਚ ਜਾਰੀ ਹੈ।

Matrimonial
Handsome Sikh Saini, 28 yrs./ 5'7" boy, permanent resident in NZ. Looking for a girl in New Zealand. All visa status acceptable.
Cont. 0220436836

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ
ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਮਿਤੀ 1/5/2021 ਨੂੰ ਅਮ੍ਰਿਤ ਵੇਲੇ 4 ਵਜੇ ਤੋਂ ਰਾਤ ਦੇ 8.30 ਵਜੇ ਤੱਕ
ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਪਾਟੋਏਟੋਏ ਵਿਖੇ
ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾਵੇਗਾ
ਸੰਗਤਾਂ ਨੂੰ ਬੇਨਤੀ ਹੈ ਕਿ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ



ਸਮਾਂ
ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- 4 ਵਜੇ
ਨਿਤਨੇਮ- 4:30-5:15 ਵਜੇ
ਆਸਾ ਦੀ ਵਾਰ ਦੇ ਕੀਰਤਨ- 5:15-9:00 ਵਜੇ
ਸੁਖਮਨੀ ਸਾਹਿਬ ਪਾਠ (ਸੰਗਤੀ ਰੂਪ ਵਿੱਚ)-9:00-11:00 ਵਜੇ
ਨਿਸ਼ਾਨ ਸਾਹਿਬ ਦੀ ਸੇਵਾ- 11:00 ਵਜੇ
ਕੀਰਤਨ ਆਰੰਭਤਾ- 11:00-5:00 ਵਜੇ
ਭੋਗ ਸ੍ਰੀ ਸਹਿਜ ਪਾਠ- 5:00-5:30 ਵਜੇ
ਰਹਿਰਾਸ ਸਾਹਿਬ ਜੀ ਦੇ ਪਾਠ- 5:30-6:00 ਵਜੇ
ਕੀਰਤਨ- 6:00 ਵਜੇ
ਸਮਾਪਤੀ- 8:30 ਵਜੇ

Note: ਅੰਮ੍ਰਿਤ ਸੰਚਾਰ 3:00 ਵਜੇ ਆਰੰਭ ਹੋਣਗੇ। ਸੰਗਤ ਕੇਸੀ ਇਸ਼ਨਾਨ ਕਰਕੇ ਦਰਬਾਰ ਸਾਹਿਬ ਵਿੱਚ ਸਮੇ ਸਿਰ ਪਹੁੰਚਣ ਲਈ ਬੇਨਤੀ ਹੈ। ਕਕਾਰ ਗੁਰਦੁਆਰਾ ਸਾਹਿਬ ਵਲੋਂ ਦਿੱਤੇ ਜਾਣਗੇ।

ਪਹੁੰਚ ਰਹੇ ਕੀਰਤਨੀ ਜਥੇ-
1- ਭਾਈ ਕੁਲਵੰਤ ਸਿੰਘ ਜੀ ਖੈਰਾਬਾਦੀ
2- ਭਾਈ ਸੁਖਵਿੰਦਰ ਸਿੰਘ ਜੀ
3- ਭਾਈ ਗੁਰਪ੍ਰੀਤ ਸਿੰਘ ਜੀ (ਮਿੱਠਾ ਟਿਵਾਣਾ ਵਾਲੇ)

ਵੱਧ ਤੋਂ ਵੱਧ ਸਹਿਯੋਗ ਦੇਵੋ ਜੀ। ਵਲੋਂ: ਪ੍ਰਬੰਧਕ ਕਮੇਟੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ।
ਫੋਨ ਨੰਬਰ: 092779455

ਗੁਰੂ ਕਾ ਲੰਗਰ ਅਤੁਟ ਵਰਤੇਗਾ

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

0800 CLEANUS
RED CLEANING
Old & New Build House Cleaning (Inside & Outside)
- Home Cleaning
- Carpet Cleaning
- Floor Polishing
- Water Blaster
- Lawn Mowing

Carpet Cleaning 3 Bedroom $ 100

- ਹੋਮ ਕਲੀਨਿੰਗ
- ਕਾਰਪੇਟ ਕਲੀਨਿੰਗ
- ਫਲੋਰ ਪੋਲਿਸ਼ਿੰਗ
- ਵਾਟਰ ਬਲਾਸਟਰ
- ਲਾਅਨ ਮੂਵਿੰਗ

ਘਰਾਂ ਜਾਂ ਆਫਿਸ ਵਿਚ ਕਾਰਪੈਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874702, 0226554227
www.redcleaning.co.nz

01 May 2021, Daily, editornztasveer@gmail.com designnztasveer@gmail.com Ph/Fax: 09 390 4644



# ਧਰਮ ਹੇਤ ਸਾਕਾ ਜਿਨ ਕੀਆ, ਸੀਸ ਦੀਆ ਪਰ ਸਿਰੁ ਨਾ ਦੀਆ

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾਂ ਪ੍ਰਕਾਸ਼ ਦਿਹਾੜਾ ਸਾਰੀ ਦੁਨੀਆ ਵਿੱਚ ਮਨਾਇਆ ਜਾ ਰਿਹਾ ਹੈ ਜੋ ਬੜੀ ਮਾਣ ਵਾਲੀ ਗੱਲ ਹੈ। ਸ੍ਰੀ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਈਃ ਨੂੰ ਮਾਤਾ ਨਾਨਕੀ ਜੀ ਦੀ ਕੁੱਖੋ ਗੁਰੂ ਕੇ ਮਹਿਲ, ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਜੀ ਦੇ ਪਿਤਾ ਛੇਵੀਂ ਪਾਤਸ਼ਾਹੀ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ 1630 ਈਃ ਤੱਕ ਅੰਮ੍ਰਿਤਸਰ ਵਿਖੇ ਰਹੇ ਅਤੇ ਉਸ ਤੋਂ ਬਾਅਦ ਪਰਿਵਾਰ ਸਮੇਤ ਕਰਤਾਰਪੁਰ ਸਾਹਿਬ ਵਿਖੇ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਚਪਨ ਤੋਂ ਹੀ ਸੰਤ ਸਰੂਪ ਅਤੇ ਉੱਚੀ ਸੋਚ ਦੇ ਮਾਲਕ ਸਨ। ਆਪ ਜੀ ਨੂੰ ਗੁਰਬਾਣੀ ਧਰਮ ਗ੍ਰੰਥਾਂ ਦੀ ਵਿੱਦਿਆ ਦੇ ਨਾਲ-ਨਾਲ ਸ਼ਸਤਰਾਂ ਅਤੇ ਘੋੜ ਸਵਾਰੀ ਦੀ ਸਿਖਲਾਈ ਵੀ ਕਰਵਾਈ ਗਈ। ਗੁਰੂ ਸਾਹਿਬ ਜੀ ਦਾ ਵਿਆਹ ਕਰਤਾਰਪੁਰ ਨਿਵਾਸੀ ਸ੍ਰੀ ਲਾਲ ਚੰਦ ਜੀ ਦੀ ਪੁੱਤਰੀ ਬੀਬੀ ਗੁੱਜਰੀ ਜੀ ਨਾਲ ਹੋਇਆ। 1634 ਈਃ ਨੂੰ ਕਰਤਾਰਪੁਰ ਸਾਹਿਬ ਵਿਖੇ ਛੇਵੀਂ ਪਾਤਸ਼ਾਹੀ ਦੀ ਜੰਗ ਹੋਈ। ਇਸ ਜੰਗ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਜੋਹਰ ਦਿਖਾਏ ਅਤੇ ਆਪਣੇ ਆਪ ਨੂੰ ਤੇਗ ਦਾ ਧਨੀ ਸਾਬਿਤ ਕੀਤਾ। 1644 ਈਃ ਨੂੰ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜਯੋਤੀ ਜੋਤ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਮਾਤਾ ਜੀ ਸਮੇਤ ਬਾਬਾ ਬਕਾਲਾ ਆ ਕੇ ਰਹਿਣ ਲੱਗ ਪਏ। ਇਹ ਪਿੰਡ ਗੁਰੂ ਸਾਹਿਬ ਦਾ ਨਾਨਕਾ ਪਿੰਡ ਸੀ। ਆਪ ਸਾਧਾਰਨ ਜਿਹੇ ਮਕਾਨ ਵਿੱਚ ਰਹਿਣ ਲੱਗ ਪਏ ਜਿੱਥੇ ਜਿਆਦਾ ਸਮਾਂ ਸਿਮਰਨ ਵਿੱਚ ਲੀਨ ਰਹਿੰਦੇ। ਇੱਥੇ ਹੀ ਭਜਨ ਬੰਦਗੀ ਵਿੱਚ 20 ਸਾਲ ਬੀਤ ਗਏ। ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ 30 ਮਾਰਚ 1664 ਈਃ ਨੂੰ ਜਯੋਤੀ ਜੋਤ ਸਮਾਉਣ ਤੋਂ ਪਹਿਲਾਂ ਸੰਗਤਾਂ ਨੂੰ ਬਚਨ ਕਰ ਗਏ ਕਿ ਉਨ੍ਹਾਂ ਪਿੱਛੋਂ ਗੁਰਿਆਈ ਦੀ ਜਿੰਮੇਵਾਰੀ ਉਨ੍ਹਾਂ ਦੇ ਬਾਬਾ ਜੋ ਬਕਾਲਾ ਵਿਖੇ ਰਹਿੰਦੇ ਹਨ ਉਹ ਨਿਭਾਉਣਗੇ। ਇਹ ਬਚਨ 8ਵੀਂ ਪਾਤਸ਼ਾਹੀ ਦੇ ਸਨ "ਬਾਬਾ ਬਕਾਲੇ ਹੈ"। ਇਹ ਗੱਲ ਦੂਰ-ਦੂਰ ਤੱਕ ਫੈਲ ਗਈ। ਮੌਕੇ ਦਾ ਲਾਭ ਉਠਾਓਣ ਲਈ ਬਕਾਲੇ ਵਿੱਚ 22 ਲੋਕਾਂ ਨੇ ਗੱਦੀਆ ਲਾ ਲਈਆਂ, ਸਮਝਦੇ ਸਨ ਕਿ ਸਾਨੂੰ ਗੁਰੂ ਮੰਨ ਲਿਆ ਜਾਵੇਗਾ।

ਸਮਾਂ ਬੀਤਿਆ, ਮਾਰਚ 1665 ਵਿੱਚ ਮੱਖਣ ਸ਼ਾਹ ਲੁਬਾਣਾ ਨਾਂ ਦੇ ਇੱਕ ਸ਼ਰਧਾਲੂ ਨੇ ਇਕ ਵਾਰ ਆਪਣਾ ਬੇੜਾ ਬਰੋਤੀ ਪਾਰ ਚੜ ਜਾਣ ਕਰਕੇ ਪੰਜ ਸੋ ਮੋਹਰਾਂ ਗੁਰੂ ਘਰ ਨੂੰ ਭੇਟ ਕਰਨ ਦੀ ਸੁਖਣਾ ਸੁਖੀ ਸੀ, ਮੋਹਰਾਂ ਭੇਟਾ ਲੈ ਕੇ ਬਕਾਲਾ ਵਿਖੇ ਪੁੱਜਾ। ਇਤਨੇ ਗੁਰੂ ਵੇਖ ਕੇ ਦੁਵਿਧਾ ਵਿੱਚ ਫੱਸ ਗਿਆ। ਭਾਈ ਮੱਖਣ ਸ਼ਾਹ ਲੁਬਾਣਾ ਹਰ ਇੱਕ ਅੱਗੇ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕਣ ਲੱਗ ਪਿਆ ਪਰ ਤਸੱਲੀ ਨਾ ਹੋਈ। ਸ਼ਰਧਾਲੂ ਕੋਲੋਂ ਭਲੇ ਪੁਰਸ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦੱਸ ਪਈ ਤੇ ਭਾਈ ਮੱਖਣ ਸ਼ਾਹ ਨੇ ਜਦ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆਂ ਤਾਂ ਗੁਰੂ ਜੀ ਕਹਿਣ ਲੱਗੇ ਕਿ ਤੇਰਾ ਜਹਾਜ ਬੰਨੇ ਲਾਇਆ ਹੈ ਤੇ ਸਾਡੇ ਮੋਢੇ 'ਤੇ ਜਹਾਜ ਦੇ ਕਿੱਲ ਦਾ ਨਿਸ਼ਾਨ ਪਿਆ ਹੋਇਆ ਹੈ ਤੇ ਤੂੰ ਪੰਜ ਸੋ ਮੋਹਰਾਂ ਦੀ ਥਾਂ ਪੰਜ ਮੋਹਰਾਂ ਭੇਟਾਂ ਕਰ ਰਿਹਾ ਹੈਂ। ਗੁਰੂ ਘਰ ਧੰਨ ਦਾ ਭੁੱਖਾ ਨਹੀਂ ਪਰ ਸਿੱਖ ਨੂੰ ਗੁਰੂ ਦੀ ਅਮਾਨਤ ਆਪਣੇ ਪਾਸ ਰੱਖਣੀ ਨਹੀਂ ਚਾਹੀਦੀ। ਉਸੇ ਵੇਲੇ ਗੁਰੂ ਚਰਨਾਂ 'ਚ ਧਰ ਕੇ ਮੱਥਾ ਟੇਕਿਆ ਤੇ ਕੋਠੇ ਚੜ ਕੇ ਉੱਚੀ ਉੱਚੀ ਪੁਕਾਰਨ ਲੱਗਾ ਗੁਰੂ ਲਾਧੋ ਰੇ ਗੁਰੂ ਲਾਧੋ ਰੇ, ਗੁਰੂ ਲਾਧੋ ਰੇ 22 ਮੰਜੀਆਂ ਵਾਲੇ ਪਾਖੰਡੀਆਂ ਵੀ ਉਜੜ ਗਏ ਅਤੇ ਸੱਚੇ ਗੁਰੂ ਪ੍ਰਗਟ ਹੋ ਗਏ। ਸੰਗਤਾਂ ਹੁੰਮ-ਹੁੰਮਾ ਕੇ ਪੁੱਜਣ ਲੱਗੀਆਂ। 20 ਮਾਰਚ 1665 ਈਃ ਨੂੰ ਬਾਬਾ ਬੁੱਢਾ ਸਾਹਿਬ ਜੀ ਦੇ ਪੌਤਰੇ ਬਾਬਾ ਗੁਰਦਿੱਤਾ ਜੀ ਨੇ ਸਤਿਗੁਰਾਂ ਦਾ ਤਿਲਕ ਲਗਾਇਆ।

ਕੁੱਝ ਸਮਾਂ ਬਾਬਾ ਬਕਾਲਾ ਰਹਿਣ ਉਪਰੰਤ ਗੁਰੂ ਸਾਹਿਬ ਤਰਨ ਤਾਰਨ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ ਦੀ ਯਾਤਰਾ ਕਰਕੇ ਅੰਮ੍ਰਿਤਸਰ ਪੁੱਜੇ। ਸ੍ਰੀ ਅਕਾਲ ਤਖਤ ਸਾਹਿਬ ਨਜਦੀਕ ਥੜਾ ਸਾਹਿਬ ਤੋਂ ਬੇਰੀ ਥੱਲੇ ਆ ਬਿਰਾਜਣ ਤੋਂ ਬਾਅਦ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਏ ਤਾਂ ਮਸੰਦਾਂ ਨੇ ਦਰਵਾਜੇ ਬੰਦ ਕਰ ਦਿੱਤੇ। ਗੁਰੂ ਸਾਹਿਬ ਬਾਹਰੋਂ ਹੀ ਦਰਸ਼ਨ ਕਰਕੇ ਕੁੱਝ ਕੁ ਦੂਰ ਪਿੰਡ ਵੱਲਾ ਵਿਖੇ ਪੁੱਜੇ। ਸੰਗਤਾਂ ਨੇ ਬਹੁਤ ਹੀ ਸਤਿਕਾਰ ਕੀਤਾ। ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ।

ਗੁਰੂ ਸਾਹਿਬ ਨੇ ਮਾਝੇ ਵਿੱਚ ਗੁਰਦੁਆਰਿਆਂ ਦੀ ਯਾਤਰਾ ਤੋਂ ਬਾਅਦ ਕੀਰਤਪੁਰ ਜਾਣ ਦਾ ਮਨ ਬਣਾ ਲਿਆ ਪਰ ਕੀਰਤਪੁਰ ਸਾਹਿਬ ਵਿਖੇ ਵੀ ਧੀਰ ਮੱਲੀਆਂ ਦੇ ਹਮਾਇਤੀਆਂ ਦਾ ਵਤੀਰਾ ਠੀਕ ਨਾ ਹੋਣ ਕਾਰਨ ਸਤਿਗੁਰਾਂ ਨੇ ਕਹਿਲੂਰ ਦੇ ਰਾਜੇ ਪਾਸੋਂ ਪਿੰਡ ਮਾਖੋਵਾਲ ਦੀ ਜਮੀਨ ਮੁੱਲ ਲੈ ਕੇ ਇਸਦਾ ਨਾਮ ਚੱਕ ਨਾਨਕੀ ਸਤਿਗੁਰਾਂ ਨੇ ਆਪਣੀ ਮਾਤਾ ਜੀ ਦੇ ਨਾਮ ਤੇ ਰੱਖਿਆ ਜੋ ਬਾਅਦ ਵਿੱਚ ਆਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

ਜਿਸ ਤਰ੍ਹਾਂ ਬੱਦਲ ਅਨੇਕਾਂ ਥਾਵਾਂ ਨੇ ਬਾਰਿਸ਼ ਕਰਕੇ ਤੱਪਦੇ ਸੰਸਾਰ ਨੂੰ ਠੰਡ ਪਾਉਂਦਾ ਹੈ, ਉਸੇ ਤਰ੍ਹਾਂ ਸਤਿਗੁਰ ਨੇ ਆਤਮਿਕ ਸੰਦੇਸ਼ਾਂ ਨਾਲ ਸੰਸਾਰ ਨੂੰ ਤਾਰਿਆ। ਗੁਰੂ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਤੋਂ ਧਰਮ ਪ੍ਰਚਾਰ ਲਈ ਤੁਰ ਪਏ ਕੁੱਝ ਉੱਘੇ ਸਿੱਖ ਸ਼ਰਧਾਲੂ ਵੀ ਨਾਲ ਸਨ। ਇਸ ਯਾਤਰਾ ਦਾ ਮੁੱਖ ਕਾਰਨ ਸੀ ਸਿੱਖ ਸੰਗਤਾਂ ਨਾਲ ਮੇਲ ਜੋਲ ਕਰਨਾ ਅਤੇ ਦੂਸਰਾ ਔਰੰਗਜੇਬ ਦੀਆਂ ਗਲਤ ਨੀਤੀਆਂ ਕਾਰਨ ਲੋਕ ਕਸ਼ਟ ਝੱਲਦੇ ਸਨ, ਨੂੰ ਜੱਥੇਬੰਦ ਕਰਨਾ ਅਤੇ ਉਨ੍ਹਾਂ ਦੀਆਂ ਤਕਲੀਫਾ ਦਾ ਹੱਲ ਕਰਨਾ ਸੀ। ਸੰਗਤਾਂ ਨਾਲ ਬਚਨ ਬਿਲਾਸ ਕਰਦੇ ਹੋਏ ਗੁਰੂ ਸਾਹਿਬ ਕੁਰਖੇਤਰ ਅਤੇ ਬਨੇਸਰ ਗਏ, ਜਿੱਥੇ ਆਪ ਜੀ ਦੀ ਯਾਦ ਵਿੱਚ ਇਤਿਹਾਸਿਕ ਗੁਰਦੁਆਰੇ ਹਨ। ਉਸ ਤੋਂ ਬਾਅਦ ਸਤਿਗੁਰੂ ਜੀ ਯਮੁਨਾ ਪਾਰ ਯੂ.ਪੀ. ਪਹੁੰਚੇ ਅਤੇ ਅਨੇਕਾਂ ਲੋਕਾਂ ਨੂੰ ਨਸ਼ੇ ਅਤੇ ਹੋਰ ਵੀ ਬੁਰਾਈਆਂ ਕਰਨ ਤੋਂ ਵਰਜਿਆ ਅਤੇ ਚੰਗਾ ਜੀਵਨ ਜਿਉਣ ਲਈ ਪ੍ਰੇਰਿਆ ਅਤੇ ਬਾਣੀ ਨਾਲ ਜੋੜਿਆ। ਇਸ ਉਪਰੰਤ ਗੁਰੂ ਸਾਹਿਬ ਮਥੁਰਾ ਅਤੇ ਆਗਰੇ ਤੋਂ ਤ੍ਰਿਵੇਵੀ ਅਤੇ ਕਾਸ਼ੀ ਪੁੱਜੇ। ਉਸ ਤੋਂ ਬਾਅਦ ਸਤਿਗੁਰੂ ਪਟਨਾ ਸਾਹਿਬ ਪੁੱਜੇ। ਗੁਰੂ ਸਾਹਿਬ ਜਿਥੇ ਜਿਥੇ ਜਾਂਦੇ ਉਥੇ ਬਾਣੀ ਦਾ ਰਸ ਵੰਡਦੇ।

1699 ਈਃ ਵਿਚ ਗੁਰੂ ਸਾਹਿਬ ਆਸਾਮ-ਬੰਗਾਲ ਵੱਲ ਆਏ ਸਨ ਤਾਂ ਔਰੰਗਜੇਬ ਨੇ ਹੁਕਮ ਕੀਤਾ ਸੀ ਕਿ ਭਾਰਤ ਵਿਚ ਕਾਫਰਾਂ ਦੇ ਸਾਰੇ ਪਾਠਸ਼ਾਲਾ ਅਤੇ ਮੰਦਰ ਢਾਹ ਦਿੱਤੇ ਜਾਣ। ਧਾਰਮਿਕ ਵਿੱਦਿਆ ਅਤੇ ਰਸਮਾਂ ਨੂੰ ਖਤਮ ਕੀਤਾ ਜਾਵੇ, ਪਰ ਜੋ ਇਸਲਾਮ ਧਰਮ ਕਬੂਲ ਕਰ ਲਵੇ ਉਸਨੂੰ ਸਹਾਇਤਾ ਅਤੇ ਇਨਾਮ ਮਿਲੇਗਾ, ਗੁਰੂ ਸਾਹਿਬ ਨੇ ਪਰਿਵਾਰ ਨੂੰ ਪਟਨਾ ਸਾਹਿਬ ਤੋਂ ਆਨੰਦਪੁਰ ਸਾਹਿਬ ਬੁਲਵਾ ਲਿਆ। ਮੁਗਲ ਬਾਦਸ਼ਾਹਾਂ ਵਿਚੋਂ ਔਰੰਗਜੇਬ ਬਹੁਤ ਚਲਾਕ ਅਤੇ ਨੀਤੀਵਾਨ ਸੀ, ਉਸਨੇ ਤਖਤ ਹਥਿਆਉਣ ਲਈ ਆਪਣੇ ਦੋਵਾਂ ਭਰਾਵਾਂ ਨੂੰ ਮਰਵਾ ਦਿੱਤਾ ਸੀ ਅਤੇ ਇਕ ਨੂੰ ਦੇਸ਼ ਨਿਕਾਲਾ ਦੇ ਦਿੱਤਾ ਸੀ ਅਤੇ ਭੈਣ ਰੋਸ਼ਨ ਆਰਾ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਸੀ। ਇਸ ਤੋਂ ਇਲਾਵਾ ਉਸਨੇ ਆਪਣੇ ਪਿਤਾ ਨੂੰ ਵੀ ਕੈਦ ਕਰਕੇ ਰੱਖਿਆ ਸੀ। ਅਜਿਹੇ ਜ਼ਾਲਮ ਹੁਕਮਰਾਨ ਦੇ ਰਾਜ ਵਿਚ ਗੈਰ ਮੁਸਲਮਾਨ ਕਿਵੇਂ ਜੀਅ ਸਕਦਾ ਸੀ। ਔਰੰਗਜੇਬ ਨੇ ਤਾਂ ਮੁਸਲਿਮ ਸੂਫੀ ਫਕੀਰਾਂ ਨੂੰ ਵੀ ਨਹੀਂ ਸੀ ਬਖਸ਼ਿਆ। ਹਿੰਦੂਆਂ ਉਪਰ ਪਾਬੰਦੀ ਲਗਾ ਦਿੱਤੀ ਸੀ ਅਤੇ ਸਰਕਾਰੀ ਨੋਕਰੀਆਂ ਵਿਚੋਂ ਵੀ ਕੱਢਿਆ ਜਾ ਰਿਹਾ ਸੀ।

ਉਸ ਸਮੇਂ ਕਸ਼ਮੀਰੀ ਪੰਡਤਾਂ ਦਾ ਬਹੁਤ ਵੱਡਾ ਗੜ ਸੀ ਅਤੇ ਕਸ਼ਮੀਰ ਦੇ ਪੰਡਿਤ ਬਹੁਤ ਵਿਦਵਾਨ ਸਨ। ਔਰੰਗਜੇਬ ਨੇ ਫੈਸਲਾ ਕੀਤਾ ਕਿ ਗੈਰ ਮੁਸਲਮਾਨਾਂ ਨੂੰ ਮੁਸਲਮਾਨ ਬਣਾਇਆ ਜਾਵੇ ਅਤੇ ਸਭ ਤੋਂ ਪਹਿਲਾਂ ਕਸ਼ਮੀਰ ਹੀ ਚੁਣਿਆ ਜਾਵੇ। ਉਸ ਦਾ ਖਿਆਲ ਸੀ ਕਿ ਜੇਕਰ ਇਹ ਲੋਕ ਇਸਲਾਮ ਕਬੂਲ ਕਰ ਲੈਣਗੇ ਤਾਂ ਬਾਕੀਆਂ ਨੂੰ ਵੀ ਤੋੜਨਾ ਔਖਾਂ ਨਹੀਂ। ਇਸ ਸਮੇਂ ਇਫਤਖਾਰ ਕਸ਼ਮੀਰ ਦਾ ਗਵਰਨਰ ਸੀ, ਉਸ ਨੇ ਵੀ ਕਸ਼ਮੀਰ ਦੇ ਲੋਕਾਂ 'ਤੇ ਉਸ ਸਮੇਂ ਬਹੁਤ ਅਤਿਆਚਾਰ ਕੀਤੇ ਸਨ। ਕਸ਼ਮੀਰੀ ਲੋਕ ਛੇਂਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਦੀ ਤੇਗ ਤੋਂ ਚੰਗੀ ਤਰ੍ਹਾਂ ਵਾਕਿਫ ਸਨ, ਇਸੇ ਕਰਕੇ ਮੁਸਲਮਾਨਾਂ ਅੱਗੇ ਝੁਕਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਦਾ ਆਸਰਾ ਲੈਣਾ ਸਹੀ ਸਮਝਿਆ। ਸਤਿਗੁਰਾਂ ਨੇ ਕਸ਼ਮੀਰੀ ਪੰਡਿਤਾਂ ਦੇ ਦੁੱਖ ਨੂੰ ਬਹੁਤ ਹੀ ਹਮਦਰਦੀ ਨਾਲ ਸੁਣਿਆ ਤੇ ਫੁਰਮਾਇਆ ਕਿ ਇਹ ਸੰਕਟ ਟਲ ਸਕਦਾ ਹੈ ਜੇਕਰ ਕੋਈ ਮਹਾਨ ਵਿਅਕਤੀ ਬਲਿਦਾਨ ਦੇਵੇ। ਇਹ ਸੁਣ ਕੇ ਕੋਲ ਬੈਠੇ ਬਾਲ ਗੋਬਿੰਦ ਰਾਏ ਜੀ ਨੇ ਕਿਹਾ ਕਿ ਪਿਤਾ ਜੀ ਤੁਹਾਡੇ ਤੋਂ ਮਹਾਨ ਵਿਅਕਤੀ ਹੋਰ ਕੌਣ ਹੋ ਸਕਦਾ ਹੈ। ਬਾਲ ਗੋਬਿੰਦ ਦੇ ਇਹ ਸ਼ਬਦ ਸੁਣ ਕੇ ਕੋਲ ਬੈਠੀ ਸੰਗਤ ਅੱਛ-ਅੱਛ ਕਰ ਉਠੀ। ਸਤਿਗੁਰਾਂ ਨੇ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਤੁਸੀਂ ਬੇਸ਼ੱਕ ਬਾਦਸ਼ਾਹ ਨੂੰ ਲਿਖ ਭੇਜੋ ਕਿ ਅਸੀਂ ਤੁਹਾਡੇ ਧਾਰਮਿਕ ਰਹਿਬਰ ਹਾਂ ਜੇਕਰ ਇਹ ਇਸਲਾਮ ਕਬੂਲ ਕਰਦੇ ਹਨ ਤਾਂ ਅਸੀਂ ਵੀ ਇਸਲਾਮ ਕਬੂਲ ਕਰਲਵਾਂਗੇ।

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ" ਇਹ ਸਲੋਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਰਚਿਆ ਹੈ ਭਾਵ ਕਿਸੇ ਨੂੰ ਡਰਾਉਣਾ ਵੀ ਨਹੀਂ ਅਤੇ ਕਿਸੇ ਕੋਲੋਂ ਡਰਨਾ ਵੀ ਨਹੀਂ ਗੁਰੂ ਸਾਹਿਬ ਨੇ ਕਸ਼ਮੀਰੀ ਪੰਡਿਤਾਂ ਨੂੰ ਸਹਾਰਾ ਦੇ ਕੇ ਅਸਲ ਵਿੱਚ ਇਸ ਸਲੋਕ ਦੀ ਹੀ ਵਿਆਖਿਆ ਕਰ ਦਿੱਤੀ। ਜੇਕਰ ਲੋਕਾਂ ਦੇ ਦਿਲਾਂ ਵਿੱਚੋਂ ਮੌਤ ਦਾ ਡਰ ਦੂਰ ਹੋਵੇਗਾ ਤਾਂ ਹੀ ਉਹ ਚੰਗਾ ਜੀਵਨ ਜੀਅ ਸਕਣਗੇ ਤਾਂ ਹੀ ਉਨ੍ਹਾਂ ਨੇ ਔਰੰਗਜੇਬ ਦੇ ਜੁਲਮ ਨੂੰ ਵੰਗਾਰਿਆ। ਕਸ਼ਮੀਰੀ ਪੰਡਿਤਾਂ ਨੇ ਗੁਰੂ ਸਾਹਿਬ ਦਾ ਫੁਰਮਾਨ ਕਸ਼ਮੀਰ ਪਹੁੰਚ ਕੇ ਸੂਬੇ ਨੂੰ ਇੰਜ ਹੀ ਸੁਣਾ ਦਿੱਤਾ ਅਤੇ ਇਹ ਸਾਰੀ ਗੱਲ ਔਰੰਗਜ਼ੇਬ ਤੱਕ ਪੁੱਜੀ। ਉਸ ਨੇ ਹੁਕਮ ਦਿੱਤਾ ਕਿ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ ਜਾਵੇ। ਸਤਿਗੁਰਾਂ ਨੂੰ ਪਤਾ ਸੀ ਕਿ ਕੁਰਬਾਨੀ ਸਮੇਂ ਦੀ ਲੋੜ ਹੈ। ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਤੋਂ ਚੱਲਣ ਸਮੇਂ ਸੰਗਤਾਂ ਨੂੰ ਬਚਨ ਕੀਤਾ ਕਿ ਸਾਡੇ ਤੋਂ ਬਾਅਦ ਗੁਰਿਆਈ ਦੀ ਜਿੰਮੇਵਾਰੀ ਗੋਬਿੰਦ ਰਾਇ ਜੀ ਸੰਭਾਲਣਗੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਦਾ ਇਨਸਾਫ, ਸੱਚਾਈ, ਦਲੇਰੀ, ਧਾਰਮਿਕ ਅਤੇ ਇਮਾਨਦਾਰੀ ਵਾਲਾ ਜੀਵਨ ਜੀਉਣ ਲਈ ਸੰਗਤਾਂ ਨੂੰ ਪ੍ਰੇਰਦੇ ਸਨ। 11 ਜੁਲਾਈ, 1675 ਨੂੰ ਗੁਰੂ ਜੀ ਪੰਜ ਸਿੱਖਾਂ ਸਮੇਤ ਸ੍ਰੀ ਆਨੰਦਪੁਰ ਸਾਹਿਬ ਤੋਂ ਰਵਾਨਾ ਹੋ ਕੇ ਆਗਰਾ ਪੁੱਜੇ। ਗੁਰੂ ਸਾਹਿਬ ਨੂੰ ਸਿੱਖਾਂ ਸਮੇਤ ਆਗਰੇ ਤੋਂ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ ਗਿਆ। ਉਸ ਸਮੇਂ ਭਾਂਵੇ ਔਰੰਗਜੇਬ ਦਿੱਲੀ ਵਿੱਚ ਨਹੀਂ ਸੀ। ਔਰੰਗਜੇਬ ਦੇ ਭੇਜੇ ਹੁਕਮ ਅਨੁਸਾਰ ਹਾਕਮਾਂ ਨੇ ਗੁਰੂ ਸਾਹਿਬ ਅੱਗੇ ਤਿੰਨ ਸ਼ਰਤਾਂ ਰੱਖੀਆਂ ਇਸਲਾਮ ਕਬੂਲ ਕਰੋ, ਕਰਾਮਾਤ ਵਿਖਾਓ, ਮੌਤ ਕਬੂਲ ਕਰੋ।

ਸਤਿਗੁਰਾਂ ਨੇ ਉੱਤਰ ਦਿੱਤਾ ਕਿ ਸਾਡੇ ਲਈ ਆਪਣਾ ਧਰਮ ਪਿਆਰਾ ਹੈ। ਕਰਾਮਾਤ ਕਹਿਰ ਦਾ ਨਾਂ ਹੈ ਇਹ ਅਸੀਂ ਦਿਖਾਉਣੀ ਨਹੀਂ। ਤੀਸਰੀ ਰਹੀ ਮੌਤ ਇਸਨੂੰ ਅਸੀਂ ਪ੍ਰਵਾਨ ਕਰਦੇ ਹਾਂ। ਜੇਕਰ ਕਿਸੇ ਜੁਲਮ ਨੂੰ ਮਿਟਾਉਣ ਲਈ ਸ਼ਰੀਰ ਮਿੱਟ ਜਾਵੇ ਤਾਂ ਇਸ ਨੇ ਇੱਕ ਦਿਨ ਮਿਟ ਹੀ ਜਾਣਾ ਹੈ।

ਸਤਿਗੁਰ ਨੂੰ ਸ਼ਹੀਦ ਕਰਨ ਲਈ ਹੁਕਮ ਜਾਰੀ ਕਰ ਦਿੱਤਾ ਗਿਆ। ਦਿੱਲੀ ਦੇ ਚਾਂਦਨੀ ਚੋਂਕ ਵਿੱਚ ਵੇਖਣ ਵਾਲਿਆਂ ਦੀ ਬਹੁਤ ਭੀੜ ਸੀ। ਗੁਰੂ ਸਾਹਿਬ ਨੂੰ ਡਰਾਉਣ ਲਈ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ ਅਤੇ ਫਿਰ ਭਾਈ ਸਤੀ ਦਾਸ ਜੀ ਨੂੰ ਜਿਉਂਦੇ ਜੀਅ ਰੂੰ ਵਿੱਚ ਲਪੇਟ ਕੇ ਅੱਗ ਲਾ ਕੇ ਸਾੜਿਆ ਗਿਆ। ਉਸ ਤੋਂ ਬਾਅਦ ਭਾਈ ਦਿਆਲਾ ਜੀ ਨੂੰ ਪਾਣੀ ਦੀ ਉਬਲਦੀ ਦੇਗ ਵਿੱਚ ਉਬਾਲਿਆ ਗਿਆ। ਗੁਰੂ ਸਾਹਿਬ ਦੇ ਤਿੰਨ ਪਿਆਰੇ ਸਿੱਖ ਆਪਣਾ ਸਿਦਕ ਨਿਭਾਉਂਦੇ ਸ਼ਹੀਦ ਹੋ ਗਏ।

11 ਨਵੰਬਰ, 1675 ਵੀਰਵਾਰ ਦਾ ਦਿਨ ਸੀ ਜਦ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਗੁਰੂ ਸਾਹਿਬ ਦਾ ਸਿਰ ਜਲਾਦ ਵੱਲੋਂ ਧੜ ਤੋਂ ਵੱਖ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਥਾਂ ਤੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਸ਼ੁਸ਼ੋਭਿਤ ਹੈ। ਗੁਰੂ ਸਾਹਿਬ ਦੇ ਸਿਦਕ ਅੱਗੇ ਮੁਗਲਾਂ ਦਾ ਜੁਲਮ ਹਾਰ ਗਿਆ "ਸੀਸ ਦੀਆ ਪਰ ਸਿਰੁ ਨਾ ਦੀਆ" ਇਹ ਕੁਰਬਾਨੀ ਤਿਲਕ ਜੰਞੂ ਦੀ ਰਾਖੀ ਲਈ ਸੀ। ਗੁਰੂ ਘਰ ਵਿੱਚ ਇਸ ਨੂੰ ਕੋਈ ਪਹਿਨਦਾ ਸੀ ਪਰ ਹਰੇਕ ਨੂੰ ਆਪਣੇ ਧਰਮ ਅਨੁਸਾਰ ਜੀਵਨ ਜੀਉਣ ਦਾ ਹੱਕ ਦੇਣਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੇ ਸਾਬਤ ਕਰ ਦਿੱਤਾ।

ਇਤਨਾ ਵੱਡਾ ਕਹਿਰ ਵਾਪਰਨ ਨਾਲ ਚਾਂਦਨੀ ਚੌਂਕ ਵਿੱਚ ਲੋਕਾਂ ਦੀ ਬਹੁਤ ਵੱਡੀ ਭੀੜ ਸੀ। ਇਸ ਅਦਭੁੱਤ ਸ਼ਹੀਦੀ ਨੂੰ ਵੇਖ ਕੇ ਸਾਰਾ ਦੇਸ਼ ਹੈਰਾਨ ਸੀ। ਚਾਂਦਨੀ ਚੌਂਕ ਵਿੱਚ ਹਾਹਾਕਾਰ ਮਚੀ ਪਈ ਸੀ ਪਰ ਗੁਰੂ ਘਰ ਦੇ ਪਿਆਰੇ ਸਿੱਖ ਭਾਈ ਜੈਤਾ ਜੀ ਬੜੀ ਹੀ ਚੁਸਤੀ ਨਾਲ ਹਾਕਮਾਂ ਤੋਂ ਅੱਖ ਬਚਾ ਕੇ ਗੁਰੂ ਸਾਹਿਬ ਜੀ ਦਾ ਸੀਸ ਦਿੱਲੀ ਤੋਂ ਆਨੰਦਪੁਰ ਸਾਹਿਬ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਪਹੁੰਚ ਗਏ। ਇੱਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਰੰਘਰੇਟਾ ਗੁਰੂ ਕਾ ਬੇਟਾ ਦਾ ਮਾਨ ਬਖਸ਼ਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਧੜ ਭਾਈ ਲੱਖੀ ਸ਼ਾਹ ਵਣਜਾਰਾ ਬੜੇ ਮਾਨ ਸਤਿਕਾਰ ਸਹਿਤ ਆਪਣੇ ਘਰ ਵਿੱਚ ਲੈ ਗਿਆ ਅਤੇ ਉੱਥੇ ਹੀ ਸਸਕਾਰ ਕਰ ਦਿੱਤਾ ਗਿਆ। ਜਿੱਥੇ ਗੁਰਦੁਆਰਾ ਰਕਾਬ ਗੰਜ ਸਾਹਿਬ ਬਣਿਆ ਹੋਇਆ ਹੈ। ਇਸ ਮਹਾਨ ਸ਼ਹੀਦੀ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮਾਣ ਸਤਿਕਾਰ ਨਾਲ ਹਿੰਦ ਦੀ ਚਾਦਰ ਵੀ ਕਿਹਾ ਜਾਂਦਾ ਹੈ।



ਮਨਜੋਤ ਸਿੰਘ ਕੰਗ
(ਅੰਮ੍ਰਿਤਸਰ)
9780408961

## Matrimonial

Handsome Sikh Saini, 28 yrs./ 5'7" boy, permanent resident in NZ. Looking for a girl in New Zealand. All visa status acceptable.

Cont. 0220436836

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ
ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਮਿਤੀ 1/5/2021 ਨੂੰ ਅੰਮ੍ਰਿਤ ਵੇਲੇ 4 ਵਜੇ ਤੋਂ ਰਾਤ ਦੇ 8.30 ਵਜੇ ਤੱਕ
ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਪਾਟੋਏਟੋਏ ਵਿਖੇ
ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾਵੇਗਾ
ਸੰਗਤਾਂ ਨੂੰ ਬੇਨਤੀ ਹੈ ਕਿ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ



| ਸਮਾਂ | |
|---|---|
| ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- | 4 ਵਜੇ |
| ਨਿਤਨੇਮ- | 4:30-5:15 ਵਜੇ |
| ਆਸਾ ਦੀ ਵਾਰ ਦੇ ਕੀਰਤਨ- | 5:15-9:00 ਵਜੇ |
| ਸੁਖਮਨੀ ਸਾਹਿਬ ਪਾਠ (ਸੰਗਤੀ ਰੂਪ ਵਿੱਚ)- | 9:00-11:00 ਵਜੇ |
| ਨਿਸ਼ਾਨ ਸਾਹਿਬ ਦੀ ਸੇਵਾ- | 11:00 ਵਜੇ |
| ਕੀਰਤਨ ਆਰੰਭਤਾ- | 11:00-5:00 ਵਜੇ |
| ਭੋਗ ਸ੍ਰੀ ਸਹਿਜ ਪਾਠ- | 5:00-5:30 ਵਜੇ |
| ਰਹਿਰਾਸ ਸਾਹਿਬ ਜੀ ਦੇ ਪਾਠ- | 5:30-6:00 ਵਜੇ |
| ਕੀਰਤਨ- | 6:00 ਵਜੇ |
| ਸਮਾਪਤੀ- | 8:30 ਵਜੇ |

Note: ਅੰਮ੍ਰਿਤ ਸੰਚਾਰ 3:00 ਵਜੇ ਆਰੰਭ ਹੋਣਗੇ। ਸੰਗਤ ਕੇਸੀ ਇਸ਼ਨਾਨ ਕਰਕੇ ਦਰਬਾਰ ਸਾਹਿਬ ਵਿੱਚ ਸਮੇ ਸਿਰ ਪਹੁੰਚਣ ਲਈ ਬੇਨਤੀ ਹੈ। ਕਕਾਰ ਗੁਰਦੁਆਰਾ ਸਾਹਿਬ ਵਲੋਂ ਦਿੱਤੇ ਜਾਣਗੇ।

ਪਹੁੰਚ ਰਹੇ ਕੀਰਤਨੀ ਜਥੇ-
1- ਭਾਈ ਕੁਲਵੰਤ ਸਿੰਘ ਜੀ ਖੈਰਾਬਾਦੀ
2- ਭਾਈ ਸੁਖਵਿੰਦਰ ਸਿੰਘ ਜੀ
3- ਭਾਈ ਗੁਰਪ੍ਰੀਤ ਸਿੰਘ ਜੀ (ਮਿੱਠਾ ਟਿਵਾਣਾ ਵਾਲੇ)

ਗੁਰੂ ਕਾ ਲੰਗਰ ਅਤੁਟ ਵਰਤੇਗਾ

ਵੱਧ ਤੋਂ ਵੱਧ ਸਹਿਯੋਗ ਦੇਵੋ ਜੀ। ਵਲੋਂ: ਪ੍ਰਬੰਧਕ ਕਮੇਟੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ।
ਫੋਨ ਨੰਬਰ: 092779455